Punjab ICT Education Society

DEPARTMENT OF SCHOOL EDUCATION
Punjab (INDIA)

**ਸੈਸ਼ਨ 2021–22**
**ਸ਼ੀਟ ਨੰ: 31**

# ਈ–ਸ਼ਬਦ




## ਅੱਜ ਦਾ ਸ਼ਬਦ "ਕੀਅ-ਬੋਰਡ ਕੀਅਜ਼"

**"ਕੀਅਜ਼"** ਕੀਬੋਰਡ ਦੇ ਬਟਨਾਂ ਨੂੰ ਕਿਹਾ ਜਾਂਦਾ ਹੈ। ਕੀਬੋਰਡ ਕੀਅਜ਼ ਦੀਆਂ ਵੱਖਰੀਆਂ-ਵੱਖਰੀਆਂ ਸ਼੍ਰੇਣੀਆਂ ਹੁੰਦੀਆਂ ਹਨ। ਅੱਖਰ, ਅੰਕ, ਫੰਕਸ਼ਨ ਅਤੇ ਚਿੰਨ੍ਹ, ਕੀਅਜ਼ ਦੀਆਂ ਕੁਝ ਉਦਾਹਰਣਾਂ ਹਨ।

ਜਦੋਂ ਇੱਕ ਕੀਬੋਰਡ ਤੋਂ ਕੀਅ ਨੂੰ ਦਬਾਇਆ ਜਾਂਦਾ ਹੈ ਤਾਂ ਉਹ ਕੀਅ ਕੰਪਿਊਟਰ ਨੂੰ ਖਾਸ ਕੰਮ ਕਰਨ ਲਈ ਇੱਕ ਇਨਪੁੱਟ ਦੇ ਰੂਪ ਵਿੱਚ ਭੇਜੀ ਜਾਂਦੀ ਹੈ। ਉਦਾਹਰਣ ਲਈ - ਜਦੋਂ ਕੀਬੋਰਡ ਤੋਂ ਵਿੰਡੋ ਕੀਅ ਦਬਾਈ ਜਾਂਦੀ ਹੈ ਤਾਂ ਵਿੰਡੋ ਦਾ ਸਟਾਰਟ ਮੀਨੂੰ ਦਿਖਾਈ ਦਿੰਦਾ ਹੈ।

ਕੰਪਿਊਟਰ ਕੀਅ-ਬੋਰਡ ਦੀਆਂ ਕੀਅਜ਼ ਦੀ ਬਣਤਰ ਟਾਈਪਰਾਇਟਰਜ਼ ਤੋਂ ਲਈ ਗਈ ਹੈ ਜੋ ਤੁਹਾਨੂੰ ਟੈਕਸਟ, ਨੰਬਰ ਅਤੇ ਹੋਰ ਕਈ ਫੰਕਸ਼ਨ ਇਨਪੁੱਟ ਕਰਨ ਵਿੱਚ ਸਹਾਇਤਾ ਕਰਦੀਆਂ ਹਨ। ਕੰਪਿਊਟਰ ਕੀਅ-ਬੋਰਡ ਤੇ ਲੱਗੀਆਂ ਕੀਅਜ਼ ਨੂੰ ਇਸ ਤਰ੍ਹਾਂ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ:

**ਐਲਫਾਬੈੱਟ ਕੀਅਜ਼:** ਇਸ ਵਿੱਚ ਵਰਣਮਾਲਾ ਦੀਆਂ ਸਾਰੀਆਂ ਕੀਅਜ਼ ਸ਼ਾਮਲ ਹੁੰਦੀਆਂ ਹਨ।

**ਪੰਕਚੁਏਸ਼ਨ ਕੀਅਜ਼:** ਇਹਨਾਂ ਵਿੱਚ ਕੋਮਾ, ਪੀਰੀਅਡ, ਸੈਮੀਕਾਲਨ ਅਤੇ ਹੋਰ ਚਿੰਨ੍ਹ ਹੋ ਸਕਦੇ ਹਨ।

**ਐਰੋ ਕੀਅਜ਼:** ਇਹਨਾਂ ਨੂੰ ਚਾਰ ਐਰੋਜ਼ ਨੂੰ ਦਰਸ਼ਾਉਣ ਵਾਲੀਆਂ ਕੀਅਜ਼ ਵਜੋਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ।

**ਫੰਕਸ਼ਨ ਕੀਅਜ਼:** ਇਨ੍ਹਾਂ ਨੂੰ F1 ਤੋਂ F12 ਦੇ ਰੂਪ ਵਿੱਚ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਜੋ ਵੱਖ ਵੱਖ ਐਪਲੀਕੇਸ਼ਨਾਂ ਵਿੱਚ ਖਾਸ ਕਾਰਜ ਕਰਨ ਲਈ ਵਰਤੀਆਂ ਜਾਂਦੀਆਂ ਹਨ।

**ਸਪੈਸ਼ਲ ਕੀਅਜ਼:** ਜਿਵੇਂ ਕੰਟਰੋਲ, ਆਲਟ, ਕੈਪਸਲਾਕ ਅਤੇ ਹੋਰ ਕੀਅਜ਼।

## Word of the Day is "**Keyboard Keys**"

"**Keys**" are the buttons of keyboard. There are different categories of keyboard keys. Letters, numbers, functions, and symbols are some of the examples of keys.

When a keyboard key is pressed, that key is sent as an input to the computer to perform particular operation. For example, when window key is pressed from the keyboard, Start menu of window appears.

The Computer Keyboard keys are all derived from the typewriter that helps you to input texts, numbers and various other functions. The keys found on a Computer keyboard can be categorized as:

**Alphanumeric keys:** These keys include all alphabet keys.

**Punctuation keys:** These keys include comma, period, semicolon and other symbols.

**Arrow Keys:** These can be defined as keys representing four arrows.

**Function Keys:** These can be defined as F1 to F12, used to perform specific operations in different applications.

**Special keys:** like Ctrl, Alt, Caps Lock and other keys.

## ਰੋਚਕ ਤੱਥ:–

**ਪਹਿਲਾ ਕੀਅ-ਬੋਰਡ 1970 ਵਿੱਚ ਤਿਆਰ ਕੀਤਾ ਗਿਆ ਸੀ ਜੋ ਕਿ ਲਗਭਗ 100 ਡਾਲਰ ਵਿੱਚ ਵਿਕਣ ਵਾਲਾ ਪਹਿਲਾ ਸਵਿਚ-ਅਧਾਰਤ ਕੀਬੋਰਡ ਸੀ।**

## Interesting Facts:-

The first keyboard was designed in 1970s which was the first switch-based keyboard, sold for about $100.

**ਸੰਬੰਧਤ ਈ-ਸ਼ਬਦ ਦੀ ਵੀਡੀਓ ਦੇਖਣ ਲਈ ਲਿੰਕ ਕੇ ਕਲਿੱਕ ਕਰੋ:** https://youtu.be/YSKpT5aciD4

**D.M.: Mohd. Aarif (Sangrur)**
**Sukhwinder Singh (GSSS(G), Sunam Udham Singh Wala)**